# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com


Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 25 ਅਗਸਤ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮੈਂਟਲ ਮੈਥ ਅਤੇ ਐਬੈਕਸ ਮੁਕਾਬਲੇ 'ਚ ਗੁਰਨਦਰ ਕੌਰ ਨੇ ਸੂਬਾ ਪੱਧਰ 'ਤੇ ਤੀਜਾ ਸਥਾਨ ਹਾਸਲ ਕੀਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਰਿਚਮੰਡ, 25 ਅਗਸਤ : ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਆਪਣੀ ਪਛਾਣ ਮਜ਼ਬੂਤ ਕਰ ਰਹੀ ਪੰਜਾਬੀ ਭਾਈਚਾਰੇ ਦੀ ਨਵੀਂ ਪੀੜ੍ਹੀਲਈ ਗੁਰਨਦਰ ਕੌਰ ਦੀਆਂ ਪ੍ਰਾਪਤੀਆਂ ਮਾਣ ਅਤੇ ਖ਼ੁਸ਼ੀ ਦਾ ਵਿਸ਼ਾ ਬਣੀਆਂ ਹੋਈਆਂ ਹਨ। ਨੌਜਵਾਨ ਵਿਦਿਆਰਥਣ ਗੁਰਨਦਰ ਕੌਰ ਨੇ ਪੜ੍ਹਾਈ ਦੇ ਨਾਲ-ਨਾਲ ਗਣਿਤ ਅਤੇ ਐਬੈਕਸ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਮਾਪਿਆਂ ਅਤੇ ਸਮੁੱਚੀ ਕਮਿਊਨਿਟੀ ਦਾ ਨਾਮ ਰੌਸ਼ਨ ਕੀਤਾ ਹੈ।

ਗੁਰਨਦਰ ਕੌਰ ਕੁਝ ਸਮਾਂ ਪਹਿਲਾਂ ਆਪਣੇ ਪਿਤਾ ਗਿਆਨੀ ਗੁਰਜੋਤ ਸਿੰਘ ਅਤੇ ਮਾਤਾ ਤਰਨਦੀਪ ਕੌਰ ਨਾਲ ਰਿਚਮੰਡ ਆਈ ਸੀ। ਉਹ ਸਤੰਬਰ ਮਹੀਨੇ ਤੋਂ ਗੁਰਦੁਆਰਾ ਨਾਨਕ ਨਿਵਾਸ ਦੇ ਨੇੜੇ ਸਥਿਤ ਕਿੰਗਸਵੁੱਡ ਐਲੀਮੈਂਟਰੀ ਸਕੂਲ ਵਿੱਚ ਸੱਤਵੀਂ ਜਮਾਤ ਦੀ ਪੜ੍ਹਾਈ ਸ਼ੁਰੂ ਕਰਨ ਜਾ ਰਹੀ ਹੈ। ਪੜ੍ਹਾਈ ਵਿੱਚ ਮਿਹਨਤੀ ਅਤੇ ਹਰਫ਼ਨਮੌਲਾ ਗੁਰਨਦਰ ਨੇ ਹਾਲ ਹੀ ਵਿੱਚ ਮੈਂਟਲ ਮੈਥ ਅਤੇ ਐਬੈਕਸ ਦੇ ਮੁਕਾਬਲੇ ਵਿੱਚ ਏ-2 ਕੈਟੇਗਰੀ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ। ਇਸ ਉਪਲਬਧੀ ਨੂੰ ਹੋਰ ਵੀ ਖ਼ਾਸ ਬਣਾਉਂਦਿਆਂ ਉਸ ਨੇ ਸੂਬਾ ਪੱਧਰ 'ਤੇ ਤੀਜਾ ਸਥਾਨ ਪ੍ਰਾਪਤ ਕਰਕੇ ਟਰਾਫੀ ਆਪਣੇ ਨਾਮ ਕੀਤੀ।

ਗੁਰਨਦਰ ਦੀਆਂ ਪ੍ਰਾਪਤੀਆਂ ਸਿਰਫ਼ ਗਣਿਤ ਤੱਕ ਹੀ ਸੀਮਤ ਨਹੀਂ ਹਨ। ਸਕੂਲ ਦੇ ਸੋਸ਼ਲ ਸਟੱਡੀਜ਼ ਵਿਸ਼ੇ ਤਹਿਤ ਉਸ ਨੇ ਅਫ਼ਰੀਕਾ ਦੇ ਇੱਕ ਦੇਸ਼ ਜ਼ਿੰਬਾਬਵੇ ਸਬੰਧੀ ਤਿਆਰ ਕੀਤਾ ਇੱਕ ਜਾਣਕਾਰੀ ਭਰਪੂਰ ਅਤੇ ਰਚਨਾਤਮਕ ਪ੍ਰੋਜੈਕਟ ਵੀ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ, ਜਿਸ ਲਈ ਉਸ ਨੂੰ ਸਕੂਲ ਵੱਲੋਂ ਸ਼ਲਾਘਾ ਅਤੇ ਇਨਾਮ ਨਾਲ ਸਨਮਾਨਿਤ ਕੀਤਾ ਗਿਆ।

ਗੁਰਨਦਰ ਕੌਰ ਦੀ ਇਸ ਪ੍ਰਾਪਤੀ 'ਤੇ ਪਰਿਵਾਰਕ ਮੈਂਬਰਾਂ, ਅਧਿਆਪਕਾਂ ਅਤੇ ਭਾਈਚਾਰੇ ਦੇ ਲੋਕਾਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਨੂੰ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਹਨ। ਸਮੁੱਚੇ ਭਾਈਚਾਰੇ ਵੱਲੋਂ ਗੁਰਨਦਰ ਕੌਰ, ਉਸ ਦੇ ਪਿਤਾ ਗਿਆਨੀ ਗੁਰਜੋਤ ਸਿੰਘ ਅਤੇ ਮਾਤਾ ਤਰਨਦੀਪ ਕੌਰ ਨੂੰ ਦਿਲੋਂ ਵਧਾਈ ਦਿੰਦਿਆਂ ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਦੇ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਹੈ ਕਿ ਗੁਰਨਦਰ ਕੌਰ ਵਰਗੇ ਹੋਣਹਾਰ ਬੱਚੇ ਇਹ ਸਾਬਤ ਕਰ ਰਹੇ ਹਨ ਕਿ ਮਿਹਨਤ, ਲਗਨ ਅਤੇ ਸਹੀ ਮਾਰਗਦਰਸ਼ਨ ਨਾਲ ਨਵੀਂ ਪੀੜ੍ਹੀ ਨਾ ਸਿਰਫ਼ ਅਕਾਦਮਿਕ ਖੇਤਰ ਵਿੱਚ ਸਫ਼ਲਤਾ ਹਾਸਲ ਕਰ ਸਕਦੀ ਹੈ, ਸਗੋਂ ਆਪਣੀ ਭਾਸ਼ਾ, ਸੱਭਿਆਚਾਰ ਅਤੇ ਵਿਰਾਸਤ ਨਾਲ ਜੁੜ ਕੇ ਸਮੁੱਚੇ ਭਾਈਚਾਰੇ ਲਈ ਪ੍ਰੇਰਣਾ ਦਾ ਸਰੋਤ ਵੀ ਬਣ ਸਕਦੀ ਹੈ।

## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਪੁਸਤਕ ਦਾ ਲੋਕ-ਅਰਪਣ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ 25 ਅਗਸਤ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਵਿਸ਼ੇਸ਼ ਇਕੱਤਰਤਾ ਟੀ.ਐੱਸ. ਸੈਂਟਰਲ ਸਟੇਟ ਲਾਇਬ੍ਰੇਰੀ ਸੈਕਟਰ 17, ਚੰਡੀਗੜ੍ਹ ਵਿਖੇ ਹੋਈ ਜਿਸ ਵਿਚ ਸੁਖਵਿੰਦਰ ਰਫੀਕ ਦਾ ਕਾਵਿ ਸੰਗ੍ਰਹਿ " ਖਿਆਲਾਂ ਦੇ ਕੁੱਜੇ" ਲੋਕ-ਅਰਪਣ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਡਾ. ਦੀਪਕ ਮਨਮੋਹਨ ਸਿੰਘ, ਰਾਜਿੰਦਰ ਕੌਰ, ਜਗਦੀਪ ਨੂਰਾਨੀ,ਲੇਖਕ ਸੁਖਵਿੰਦਰ ਰਫੀਕ, ਗੁਰਦਰਸ਼ਨ ਸਿੰਘ ਮਾਵੀ ਅਤੇ ਭਰਪੂਰ ਸਿੰਘ ਹਾਜ਼ਰ ਸਨ। ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਸਭ ਨੂੰ "ਜੀ ਆਇਆਂ" ਆਖਿਆ ਅਤੇ ਅੱਜ ਦੇ ਪ੍ਰੋਗ੍ਰਾਮ ਬਾਰੇ ਚਾਨਣਾ ਪਾਇਆ। ਪ੍ਰਧਾਨਗੀ ਮੰਡਲ ਵਲੋਂ ਪੁਸਤਕ ਦਾ ਲੋਕ-ਅਰਪਣ ਕੀਤਾ ਗਿਆ। ਪ੍ਰੋ; ਸੁਖਵਿੰਦਰ ਸੁੱਖੀ ਜੀ ਨੇ ਪਰਚਾ ਪੜ੍ਹਦਿਆਂ ਕਿਹਾ ਕਿ ਕਵਿਤਾਵਾਂ ਵਿਚ ਚੁੱਪ ਅਤੇ ਪਿਆਰ ਕੇਂਦਰ ਬਿੰਦੂ ਹਨ।ਵੰਨ-ਸੁਵੰਨੀਆਂ ਕਵਿਤਾਵਾਂ ਵਿਚ ਖੂਬਸੂਰਤ ਬਿੰਬ ਵਰਤੇ ਹਨ।ਛੋਟੀਆਂ ਕਵਿਤਾਵਾਂ ਵਿਚ ਵੱਡੇ ਅਰਥ ਛੁਪੇ ਹੋਏ ਹਨ।ਡਾ. ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਕਵਿਤਾ ਸਹਿਜ,ਸੁੰਦਰਤਾ ਅਤੇ ਸੰਵੇਦਨਸ਼ੀਲਤਾ ਵਿਚੋਂ ਉਪਜਦੀ ਹੈ।ਇਹ ਕਵਿਤਾਵਾਂ ਸੱਚ ਦੇ ਨੇੜੇ ਹਨ।ਕਿਤਾਬ ਬਾਰੇ ਪ੍ਰਮੋਦ ਕੁਮਾਰ, ਸਾਬਕਾ ਜ਼ਿਲ੍ਹਾ ਅਤੇ ਸੈਸ਼ਨਜ ਜੱਜ, ਜੇ. ਐੱਸ. ਖੁਸ਼ਦਿਲ ਅਤੇ ਰਾਜਿੰਦਰ ਸਿੰਘ ਧੀਮਾਨ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਇਸ ਕਿਤਾਬ ਵਿਚੋਂ ਰਤਨ ਬਾਬਕਵਾਲਾ,ਬਲਵਿੰਦਰ ਸਿੰਘ ਢਿੱਲੋਂ, ਲਾਭ ਸਿੰਘ ਲਹਿਲੀ,ਨਰਿੰਦਰ ਕੌਰ ਲੌਂਗੀਆ ਨੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਜਗਦੀਪ ਨੂਰਾਨੀ ਨੇ ਕਿਹਾ ਕਿ ਭੱਜ-ਦੌੜ ਵਾਲੀ ਜਿੰਦਗੀ ਵਿਚ ਸਹਿਜ ਨਾਲ ਲਿਖਣਾ ਅਤੇ ਕਿਤਾਬ ਛਪਾਉਣਾ ਵੱਡੀ ਹਿੰਮਤ ਦਾ ਕੰਮ ਹੈ।ਰਾਜਿੰਦਰ ਕੌਰ ਨੇ ਕਿਹਾ ਇਹਨਾਂ ਕਵਿਤਾਵਾਂ ਵਿਚ ਪਿਆਰ,ਨਿਹੋਰੇ,ਯਾਦ, ਵਿਛੋੜਾ,ਦਰਦ ਪ੍ਰਮੁੱਖ ਤੌਰ ਤੇ ਸ਼ਾਮਲ ਹਨ।ਡਾ. ਦੀਪਕ ਮਨਮੋਹਨ ਸਿੰਘ ਜੀ ਨੇ ਕਿਹਾ ਕਿ ਲੇਖਕ ਕੁਦਰਤ ਨੂੰ ਪਿਆਰ ਕਰਨ ਵਾਲਾ ਹੈ।ਉਸਦੀਆਂ ਕਵਿਤਾਵਾਂ ਵਿਚ ਅਸੀਮਾਂ ਵਰਗੀਆਂ ਗੱਲਾਂ ਹਨ।ਸਾਹਿਤ ਵਿਗਿਆਨ ਕੇਂਦਰ ਵਲੋਂ ਮਹਿਮਾਨਾਂ ਦਾ ਮਾਨ-ਸਨਮਾਨ ਕੀਤਾ ਗਿਆ।ਡਾ. ਅਵਤਾਰ ਸਿੰਘ ਪਤੰਗ ਜੀ ਨੇ ਸਭ ਦਾ ਧੰਨਵਾਦ ਕੀਤਾ।ਸਟੇਜ ਸੰਚਾਲਨ,ਭਰਪੂਰ ਸਿੰਘ ਨੇ ਸੁਚੱਜੇ ਢੰਗ ਨਾਲ ਕੀਤਾ।ਇਸ ਮੌਕੇ ਚੰਡੀਗੜ੍ਹ, ਮੋਹਾਲੀ,ਖਰੜ , ਪੰਚਕੂਲਾ ਤੋਂ ਲਗਭਗ ਅੱਸੀ ਲੇਖਕ,ਵਿਦਵਾਨ, ਰੰਗ-ਕਰਮੀ ਅਤੇ ਲੇਖਕ ਹਾਜ਼ਰ ਸਨ।

## ਕਵੀ ਮੰਚ (ਰਜਿ:) ਮੁਹਾਲੀ ਵੱਲੋਂ ਕਰਵਾਇਆ ਗਿਆ ਰੰਗਾ-ਰੰਗ ਪ੍ਰੋਗਰਾਮ

ਵਰਲਡ ਪੰਜਾਬੀ ਟਾਈਮਜ਼




ਚੰਡੀਗੜ੍ਹ ,25 ਅਗਸਤ : ਕਵੀ ਮੰਚ (ਰਜਿ:) ਮੁਹਾਲੀ ਵੱਲੋਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਅੰਮ੍ਰਿਤਸਰ ਦੀ ਬਰਾਂਚ ਪਲਸੌਰਾ (ਸੈਕਟਰ-55) ਚੰਡੀਗੜ੍ਹ ਦੇ ਸਹਿਯੋਗ ਨਾਲ ਸਨਮਾਨ ਸਮਾਗਮ, ਗੀਤ ਮਹਿਫ਼ਲ, ਗਿੱਧਾ ਭੰਗੜਾ ਆਦਿ ਅਪਾਹਜ ਬਜ਼ੁਰਗਾਂ, ਭਰਾਵਾਂ, ਮਾਤਾਵਾਂ, ਬੀਬੀਆਂ, ਭੈਣਾਂ ਦੇ ਮਾਨਸਿਕ ਪੱਧਰ ਨੂੰ ਉੱਚਾ ਚੁੱਕਣ ਦੇ ਮਨਸੇ ਨਾਲ ਮਨੋਰੰਜਨ ਪ੍ਰੋਗਰਾਮ ਪਲਸੌਰਾ ਬਰਾਂਚ ਵਿੱਚ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਭਗਤ ਰਾਮ ਰੰਗਾੜਾ, ਪ੍ਰਧਾਨ, ਕਵੀ ਮੰਚ (ਰਜਿ:) ਮੁਹਾਲੀ ਨੇ ਕੀਤੀ ਜਦ ਕਿ ਸ਼ਾਇਰਾ ਬੀਬੀ ਅੰਜੂ ਅਮਨ ਗਰੋਵਰ ਨੇ ਮੁੱਖ ਮਹਿਮਾਨ ਅਤੇ ਮੋਹਨਬੀਰ ਸਿੰਘ ਸ਼ੇਰਗਿੱਲ ਤੇ ਬਲਕਾਰ ਸਿੰਘ ਸਿੱਧੂ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦਾ ਆਗਾਜ਼ ਗੀਤਕਾਰ ਤੇ ਗਾਇਕ ਖੁਸ਼ੀ ਰਾਮ ਨਿਮਾਣਾ ਨੇ ਆਪਣੀ ਨਵੇਲੀ ਰਚਨਾ ਨਾਲ ਕੀਤਾ। ਇਸ ਉਪਰੰਤ ਗੀਤਕਾਰ ਤੇ ਗਾਇਕ ਧਿਆਨ ਸਿੰਘ ਕਾਹਲੋਂ ਨੇ ਵੀ ਯਾਰੀ ਹੈ ਛੋਲਿਆਂ ਦਾ ਵੱਢ ਨਹੀਂ ਗਾ ਕੇ ਚੰਗਾ ਰੰਗ ਬੰਨਿਆ। ਆਪਣੀ ਵਾਰੀ ਤੇ ਭੁਪਿੰਦਰ ਮਟੌਰੀਆ, ਲੋਕ ਗਾਇਕ ਅਮਰ ਵਿਰਦੀ, ਦੀਪਕ ਰਿਖੀ ਤੇ ਬਲਕਾਰ ਸਿੰਘ ਸਿੱਧੂ ਨੇ ਬੋਲੀਆਂ ਪਾ ਕੇ ਇਸ ਪ੍ਰੋਗਰਾਮ ਨੂੰ ਸਿੱਖਰ ਵੱਲ ਵਧਾਇਆ। ਬਲਵਿੰਦਰ ਸਿੰਘ ਢਿੱਲੋਂ, ਨਵਦੀਪ ਕੌਰ, ਗੁਰਵਿੰਦਰ ਗੁਰੀ, ਹਰਪ੍ਰੀਤ ਕੌਰ, ਅਮਰਜੀਤ ਕੌਰ ਅਤੇ ਅਮਰਜੀਤ ਕੌਰ ਮੋਰਿੰਡਾ ਨੇ ਵੀ ਆਪੋ ਆਪਣੇ ਅੰਦਾਜ਼ ਵਿੱਚ ਵਾਹਵਾ ਹਾਜ਼ਰੀ ਲਵਾਈ। ਪਲਸੌਰਾ ਬਰਾਂਚ ਦੇ ਇੰਚਾਰਜ ਮਹਿੰਦਰ ਸਿੰਘ ਨੇ ਸੰਸਥਾ ਦਾ ਮੁੱਖ ਸੁਨੇਹਾ ਦਿੰਦਿਆਂ ਤਰੰਨਮ ਵਿੱਚ ਨਜ਼ਮ ਸਰੋਤਿਆਂ ਮੂਹਰੇ ਰੱਖੀ ਜਦ ਕਿ ਭਗਤ ਰਾਮ ਰੰਗਾੜਾ ਵੱਲੋਂ ਆਪਣੀਆਂ ਚਰਚਿਤ ਰੁਬਾਈਆਂ ਨਾਲ ਰੰਗਾ ਰੰਗ ਪ੍ਰੋਗਰਾਮ ਦੀ ਸ਼ਾਨ ਨੂੰ ਵਧਾਇਆ। ਇਹ ਪ੍ਰੋਗਰਾਮ ਬੋਝਲਤਾ ਤੋਂ ਕੋਹਾਂ ਦੂਰ ਮੰਨੋਰੰਜਨ ਕਰਦਾ ਹੋਇਆ ਲੰਮਾ ਸਮਾਂ ਚੱਲਿਆ ਜਿਸ ਵਿੱਚ ਗਿੱਧਾ ਅਤੇ ਭੰਗੜਾ ਵੀ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਰਹੇ। ਹਰਮੋਨੀਅਮ ਆਰਟਿਸਟ ਚਰਨਜੀਤ ਸਿੰਘ ਚੰਨੀ, ਐਡਵੋਕੇਟ ਨੀਲਮ ਨਾਰੰਗ, ਡਾ. ਰਜਿੰਦਰ ਰੇਨੂੰ, ਸਰਬਜੀਤ ਸਿੰਘ ਪੱਡਾ, ਸਰਬਜੀਤ ਕੌਰ ਸਾਬੀ ਨੇ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਬਾਖੂਬੀ ਕੀਤਾ ਜਦ ਕਿ ਡਾ. ਪਵਨਪ੍ਰੀਤ ਕੌਰ, ਮੋਹਨਬੀਰ ਸਿੰਘ ਸ਼ੇਰਗਿੱਲ, ਬਲਕਾਰ ਸਿੰਘ ਸਿੱਧੂ ਤੇ ਅੰਜੂ ਅਮਨਦੀਪ ਗਰੋਵਰ ਨੇ ਆਪੋ ਆਪਣੇ ਕੂੰਜੀਵਤ ਭਾਸ਼ਣ ਵਿੱਚ ਸਮੁੱਚੇ ਪ੍ਰੋਗਰਾਮ ਨੂੰ ਇੱਕ ਨਿਵੇਕਲਾ ਤੇ ਮਿਆਰੀ ਦੱਸਦਿਆਂ ਇਹੋ ਜਿਹੇ ਪ੍ਰੋਗਰਾਮ ਭਵਿੱਖ ਵਿੱਚ ਵੀ ਉਲੀਕਣ ਦਾ ਸੁਝਾਅ ਦਿੱਤਾ। ਇਸ ਸਮਾਗਮ ਵਿੱਚ ਵੱਖ-ਵੱਖ ਕਲਾਵਾਂ ਨਾਲ ਸ਼ਰਸ਼ਾਰ ਜਿਨ੍ਹਾਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ ਤੇ ਲੋਈ ਤੇ ਯਾਦ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ; ਧਿਆਨ ਸਿੰਘ ਕਾਹਲੋਂ, ਭੁਪਿੰਦਰ ਮਟੌਰੀਆ, ਮਲਕੀਅਤ ਔਜਲਾ, ਖੁਸ਼ੀ ਰਾਮ ਨਿਮਾਣਾ, ਅਮਰ ਵਿਰਦੀ, ਦੀਪਕ ਰਿਖੀ, ਬਲਵਿੰਦਰ ਢਿੱਲੋਂ, ਹਰਭਜਨ ਕੌਰ ਢਿੱਲੋਂ, ਅਮਰਜੀਤ ਕੌਰ, ਐਡਵੋਕੇਟ ਨੀਲਮ ਨਾਰੰਗ, ਡਾ. ਰਜਿੰਦਰ ਰੇਨੂੰ, ਸਰਬਜੀਤ ਕੌਰ ਸਾਹਬੀ, ਹਰਪ੍ਰੀਤ ਕੌਰ, ਸਰਬਜੀਤ ਸਿੰਘ ਪੱਡਾ, ਅਮਰਜੀਤ ਕੌਰ ਮੋਰਿੰਡਾ, ਨਵਦੀਪ ਕੌਰ, ਨਰਿੰਦਰ ਕੌਰ ਲੌਂਗੀਆਂ, ਡਾ. ਪਵਨਪ੍ਰੀਤ ਕੌਰ ਸ਼ਾਮਲ ਹਨ। ਇਸ ਮੌਕੇ ਤੇ ਬੀਬੀ ਅੰਜੂ ਅਮਨਦੀਪ ਗਰੋਵਰ ਮੁੱਖ ਮਹਿਮਾਨ, ਮੋਹਨਬੀਰ ਸਿੰਘ ਸ਼ੇਰਗਿੱਲ ਵਿਸ਼ੇਸ਼ ਮਹਿਮਾਨ ਅਤੇ ਬਲਕਾਰ ਸਿੰਘ ਸਿੱਧੂ ਵਿਸ਼ੇਸ਼ ਮਹਿਮਾਨ ਤੇ ਮਹਿੰਦਰ ਸਿੰਘ ਕਲੇਰ ਇੰਚਾਰਜ ਪਿੰਗਲਵਾੜਾ ਪਲਸੌਰਾ ਬਰਾਂਚ ਨੂੰ ਲੋਈ ਅਤੇ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦਾ ਕਵੀ ਮੰਚ ਵੱਲੋਂ ਮਾਣ ਕੀਤਾ ਗਿਆ ਅਤੇ ਪਿੰਗਲਵਾੜਾ ਸੰਸਥਾ ਵੱਲੋਂ ਵੀ ਸਮੁੱਚੇ ਪ੍ਰਧਾਨਗੀ ਮੰਡਲ ਨੂੰ ਪੁਸਤਕਾਂ ਦੇ ਸੈੱਟ ਸਤਿਕਾਰ ਵਜੋਂ ਭੇਂਟ ਕੀਤੇ ਗਏ। ਇਸ ਸਮਾਗਮ ਦਾ ਮੰਚ ਸੰਚਾਲਨ ਰਾਜ ਕੁਮਾਰ ਸਾਹੋਵਾਲੀਆ, ਜਨਰਲ ਸਕੱਤਰ, ਕਵੀ ਮੰਚ (ਰਜਿ:) ਮੁਹਾਲੀ ਨੇ ਕੀਤਾ ਜਦ ਕਿ ਚਾਹ-ਪਾਣੀ ਤੇ ਲੰਗਰ ਦਾ ਪ੍ਰਬੰਧ ਪਿੰਗਲਵਾੜਾ ਪਲਸੌਰਾ ਬਰਾਂਚ ਵੱਲੋਂ ਬੜੇ ਆਦਰ ਨਾਲ ਕੀਤਾ ਗਿਆ। ਇਸ ਸਮਗਾਮ ਵਿੱਚ ਲੰਮਾ ਸਮਾਂ ਹਾਜ਼ਰੀ ਭਰਨ ਵਾਲੇ ਚੰਗੇ ਸਰੋਤੇ ਤੇ ਦਰਸ਼ਕਾਂ ਦੇ ਨਾਮ ਇਸ ਪ੍ਰਕਾਰ ਹਨ; ਨਰਿੰਦਰ ਸਿੰਘ ਇਲੈਕਟਰੀਸ਼ਨ, ਜਤਿੰਦਰ ਕੌਰ, ਜਗਪਾਲ ਸਿੰਘ (ਆਈ.ਏ.ਐਫ. ਰਿਟਾ.), ਸੁਰਜੀਤ ਸੁਮਨ, ਨਰਿੰਦਰ ਕੌਰ ਲੌਂਗੀਆ, ਨਿਰਮਲ ਸਿੰਘ, ਗੁਰਦੇਵ ਸਿੰਘ, ਬਾਬੂ ਰਾਮ ਦੀਵਾਨਾ, ਜਸਜੀਤ ਕੌਰ, ਰਜਵਿੰਦਰ ਕੌਰ, ਨਿਰਮਲਾ ਦੇਵੀ, ਬਲਬੀਰ ਸਿੰਘ, ਗੁਰਸ਼ਰਨ ਸਿੰਘ ਕਾਕਾ, ਕੰਚਨ ਰਾਣੀ, ਹਰਪ੍ਰੀਤ ਰਾਮ, ਸੁਣੈਨੀ, ਐਸ.ਕੇ. ਅਰੋੜਾ, ਗਗਨਦੀਪ ਆਦਿ। ਇਸ ਤਰ੍ਹਾਂ ਇਹ ਪ੍ਰੋਗਰਾਮ ਆਪਣੀਆਂ ਨਿਵੇਕਲੀਆਂ ਪੈੜਾਂ ਛੱਡਦਾ ਹੋਇਆ ਸੰਪੰਨ।

## ਤਰਕਸ਼ੀਲ ਕਲਚਰ ਸੁਸਾਇਟੀ (ਕੈਨੇਡਾ) ਸਰੀ ਵੱਲੋਂ ਧਰਮ, ਤਰਕ ਤੇ ਵਿਗਿਆਨ ਦੀ ਆਪਸੀ ਮਹੱਤਤਾ 'ਤੇ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 25 ਅਗਸਤ : ਤਰਕਸ਼ੀਲ ਕਲਚਰ ਸੁਸਾਇਟੀ ਕੈਨੇਡਾ, ਸਰੀ ਵੱਲੋਂ 'ਧਰਮ, ਤਰਕ ਤੇ ਵਿਗਿਆਨ-ਲੋੜ ਅਤੇ ਚੁਣੌਤੀਆਂ' ਵਿਸ਼ੇ 'ਤੇ ਇੱਕ ਵਿਚਾਰ ਉਤੇਜਕ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਬੁੱਧੀਜੀਵੀਆਂ, ਸਾਹਿਤਕਾਰਾਂ, ਵਿਗਿਆਨਕ ਸੋਚ ਦੇ ਹਾਮੀਆਂ ਅਤੇ ਸਮਾਜਿਕ ਕਾਰਕੁਨਾਂ ਨੇ ਸ਼ਮੂਲੀਅਤ ਕਰਦਿਆਂ ਅਜੋਕੇ ਸਮੇਂ ਵਿੱਚ ਤਰਕਸ਼ੀਲਤਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਦੀ ਲੋੜ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ।

ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਜਸਵਿੰਦਰ ਹੇਅਰ ਨੇ ਆਏ ਹੋਏ ਸਰੋਤਿਆਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਵਿਚਾਰ ਗੋਸ਼ਟੀਆਂ ਦਾ ਮਕਸਦ ਲੋਕਾਂ ਨੂੰ ਸਵਾਲ ਕਰਨ, ਤੱਥਾਂ ਨੂੰ ਪਰਖਣ ਅਤੇ ਹਰ ਵਰਤਾਰੇ ਨੂੰ ਤਰਕ ਦੀ ਕਸੌਟੀ 'ਤੇ ਸਮਝਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਸੁਸਾਇਟੀ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਸਾਰਥਕ ਸਮਾਗਮ ਕਰਵਾਏ ਜਾਂਦੇ ਰਹਿਣਗੇ। ਸੈਮੀਨਾਰ ਦੀ ਕਾਰਵਾਈ ਨਿਰਮਲ ਕਿੰਗਰਾ ਨੇ ਬਾਖੂਬੀ ਸੰਭਾਲੀ। ਉਨ੍ਹਾਂ ਨੇ ਵਿਸ਼ੇ ਦੀ ਪ੍ਰਸੰਗਿਕਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਅੰਧਵਿਸ਼ਵਾਸ, ਵਹਿਮ-ਭਰਮ ਅਤੇ ਗੈਰ-ਵਿਗਿਆਨਕ ਧਾਰਨਾਵਾਂ ਦਾ ਕਾਇਮ ਰਹਿਣਾ ਚਿੰਤਾ ਦਾ ਵਿਸ਼ਾ ਹੈ। ਸਮਾਗਮ ਦੌਰਾਨ ਮਨਜੀਤ ਮੱਲ੍ਹਾ ਨੇ ਸੁਰੀਲੇ ਗੀਤ ਨਾਲ ਆਪਣੀ ਹਾਜ਼ਰੀ ਲਵਾਈ।

ਮੁੱਖ ਬੁਲਾਰੇ ਸਰਬਜੀਤ ਸਿੰਘ ਉਖਲਾ ਨੇ 'ਧਰਮ, ਤਰਕ ਤੇ ਵਿਗਿਆਨ ਦੀ ਲੋੜ ਅਤੇ ਚੁਣੌਤੀਆਂ' ਵਿਸ਼ੇ 'ਤੇ ਵਿਸਥਾਰ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਮਨੁੱਖੀ ਸਭਿਅਤਾ, ਸੱਭਿਆਚਾਰ ਅਤੇ ਅੱਜ ਤੱਕ ਹੋਈ ਤਰੱਕੀ ਦੇ ਪਿੱਛੇ ਮਨੁੱਖ ਦੀ ਤਰਕਸ਼ੀਲ ਬੁੱਧੀ ਦੀ ਵੱਡੀ ਭੂਮਿਕਾ ਰਹੀ ਹੈ। ਮਨੁੱਖ ਦਾ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਵੀ ਉਸ ਦੀ ਨਿਰੀਖਣ ਕਰਨ, ਸਵਾਲ ਪੁੱਛਣ ਅਤੇ ਸਮੱਸਿਆਵਾਂ ਦੇ ਹੱਲ ਲੱਭਣ ਦੀ ਸਮਰੱਥਾ ਨਾਲ ਜੁੜਿਆ ਹੋਇਆ ਹੈ।

ਉਨ੍ਹਾਂ ਮਨੁੱਖੀ ਵਿਕਾਸ ਦੇ ਪਿੱਛੋਕੜ ਨੂੰ ਇਤਿਹਾਸਕ ਅਤੇ ਵਿਗਿਆਨਕ ਨਜ਼ਰੀਏ ਤੋਂ ਸਮਝਾਉਂਦਿਆਂ ਰਿਫ਼ਟ ਵੈਲੀ ਨਾਲ ਜੁੜੀਆਂ ਭੂਗੋਲਿਕ ਤਬਦੀਲੀਆਂ ਅਤੇ ਬਦਲੇ ਹੋਏ ਕੁਦਰਤੀ ਹਾਲਾਤਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਬਦਲਦੀਆਂ ਲੋੜਾਂ ਅਤੇ ਹਾਲਾਤਾਂ ਨੇ ਮਨੁੱਖ ਨੂੰ ਕੁਦਰਤੀ ਮਾਸੂਮਤਾ ਤੋਂ ਅੱਗੇ ਵਧ ਕੇ ਸੋਚਣ, ਪਰਖਣ ਅਤੇ ਫ਼ੈਸਲੇ ਕਰਨ ਵੱਲ ਧੱਕਿਆ। ਇਸ ਪ੍ਰਕਿਰਿਆ ਵਿੱਚੋਂ ਵਿਵੇਕ ਨੇ ਜਨਮ ਲਿਆ, ਵਿਵੇਕ ਵਿੱਚੋਂ ਦਲੀਲ ਅਤੇ ਤਰਕ ਦੀ ਭਾਵਨਾ ਵਿਕਸਿਤ ਹੋਈ ਅਤੇ ਤਰਕ ਤੋਂ ਪੈਦਾ ਹੋਏ ਸਵਾਲਾਂ ਦੇ ਜਵਾਬ ਲੱਭਣ ਲਈ ਵਿਗਿਆਨਕ ਸੋਚ ਨੇ ਰਾਹ ਬਣਾਇਆ। ਉਨ੍ਹਾਂ ਕਿਹਾ ਕਿ ਵਿਗਿਆਨ ਵੱਲੋਂ ਲੱਭੇ ਨਿਯਮਾਂ ਅਤੇ ਸਿੱਟਿਆਂ ਨੂੰ ਮਨੁੱਖੀ ਜੀਵਨ ਵਿੱਚ ਅਮਲੀ ਰੂਪ ਦੇਣ ਦਾ ਕੰਮ ਤਕਨਾਲੋਜੀ ਨੇ ਕੀਤਾ।

ਸੈਮੀਨਾਰ ਦੌਰਾਨ ਜੈਨ ਮੱਤ ਅਤੇ ਚਾਰਵਾਕ ਮੱਤ ਦੇ ਯਥਾਰਥਵਾਦੀ ਦ੍ਰਿਸ਼ਟੀਕੋਣ ਨੂੰ ਵੀ ਵਿਚਾਰ-ਚਰਚਾ ਦਾ ਹਿੱਸਾ ਬਣਾਇਆ ਗਿਆ। ਇਸ ਦੇ ਨਾਲ ਹੀ ਬੁੱਧ ਮੱਤ ਦੇ ਉਭਾਰ ਨਾਲ ਭਾਰਤੀ ਸਮਾਜ ਵਿੱਚ ਆਏ ਸਮਾਜਿਕ, ਬੌਧਿਕ ਅਤੇ ਵਿਗਿਆਨਕ ਵਿਕਾਸ ਬਾਰੇ ਵੀ ਵਿਚਾਰ ਸਾਂਝੇ ਕੀਤੇ ਗਏ। ਬੁਲਾਰਿਆਂ ਨੇ ਇਹ ਸਵਾਲ ਵੀ ਵਿਚਾਰਿਆ ਕਿ ਬੁੱਧ ਮੱਤ ਦੇ ਪਤਨ ਤੋਂ ਬਾਅਦ ਮਜ਼ਬੂਤ ਹੋਏ ਪੁਜਾਰੀਵਾਦ ਅਤੇ ਆਸਥਾ-ਕੇਂਦਰਿਤ ਸੋਚ ਨੇ ਭਾਰਤੀ ਸਮਾਜ ਦੇ ਬੌਧਿਕ ਵਿਕਾਸ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕੀਤਾ ਅਤੇ ਇਸ ਦੇ ਦੂਰਗਾਮੀ ਸਮਾਜਿਕ ਨਤੀਜੇ ਕੀ ਰਹੇ। ਚਰਚਾ ਦੌਰਾਨ ਕਮਿਊਨਿਜ਼ਮ ਵੱਲੋਂ ਕਿਸਮਤਵਾਦੀ ਸੋਚ ਦੇ ਮੁਕਾਬਲੇ ਜੀਵਨਵਾਦੀ, ਯਥਾਰਥਵਾਦੀ ਅਤੇ ਸਮਾਜਕ ਬਦਲਾਅ ਦੀ ਸੋਚ ਨੂੰ ਉਭਾਰਨ ਬਾਰੇ ਵੀ ਵਿਚਾਰ ਪ੍ਰਗਟ ਕੀਤੇ ਗਏ।

ਤਰਕਸ਼ੀਲ ਸੁਸਾਇਟੀ ਐਬਟਸਫੋਰਡ ਦੇ ਪ੍ਰਧਾਨ ਸੁਖਦੇਵ ਸਿੰਘ ਮਾਨ ਨੇ ਵਿਗਿਆਨ ਦੀਆਂ ਪ੍ਰਾਪਤੀਆਂ ਅਤੇ ਮਨੁੱਖੀ ਜੀਵਨ ਨੂੰ ਮਿਲੇ ਇਸ ਦੇ ਅਨੇਕਾਂ ਲਾਭਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਵਿਗਿਆਨ ਅਤੇ ਤਕਨਾਲੋਜੀ ਦੀ ਹੋ ਰਹੀ ਦੁਰਵਰਤੋਂ ਪ੍ਰਤੀ ਸੁਚੇਤ ਕਰਦਿਆਂ ਕਿਹਾ ਕਿ ਵਿਗਿਆਨ ਆਪਣੇ ਆਪ ਵਿੱਚ ਨਾ ਚੰਗਾ ਹੈ ਨਾ ਮਾੜਾ; ਇਸ ਦੀ ਵਰਤੋਂ ਮਨੁੱਖੀ ਸਮਾਜ ਕਿਸ ਮਕਸਦ ਲਈ ਕਰਦਾ ਹੈ, ਇਹ ਸਭ ਤੋਂ ਮਹੱਤਵਪੂਰਨ ਸਵਾਲ ਹੈ।

ਸੈਮੀਨਾਰ ਵਿੱਚ ਮਨਮੋਹਨ ਸ਼ਰਮਾ, ਕੁਲਵੀਰ ਸਿੰਘ ਮੰਗਵਾਲ, ਪ੍ਰਿੰਸੀਪਲ ਕਸ਼ਮੀਰਾਂ ਸਿੰਘ, ਡਾ. ਸਾਧੂ ਸਿੰਘ ਬਿਨਿੰਗ, ਅਮਰਜੀਤ ਸਿੰਘ ਭੁੱਲਰ, ਬਲਵੰਤ ਸਿੰਘ ਸੰਘੇੜਾ, ਅਜਮੇਰ ਸਿੰਘ ਭਾਗਪੁਰ, ਕਰਮਜੀਤ ਸਿੰਘ ਪੁਰਬਾ, ਨਿਰੰਜਨ ਸਿੰਘ ਲੇਹਲ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸਰੋਤਿਆਂ ਨੇ ਸ਼ਮੂਲੀਅਤ ਕੀਤੀ ਅਤੇ ਵਿਸ਼ੇ ਨਾਲ ਸਬੰਧਤ ਵਿਚਾਰ ਸਾਂਝੇ ਕੀਤੇ। ਅੰਤ ਵਿੱਚ ਪਰਮਜੀਤ ਸਿੰਘ ਸਿੱਧੂ ਨੇ ਸੈਮੀਨਾਰ ਵਿੱਚ ਪਹੁੰਚੇ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਦੀ ਥਾਂ ਤਰਕ, ਵਿਵੇਕ ਅਤੇ ਵਿਗਿਆਨਕ ਸੋਚ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਅਤੇ ਤਰਕਸ਼ੀਲ ਸੁਸਾਇਟੀ ਦੀਆਂ ਸਰਗਰਮੀਆਂ ਨਾਲ ਜੁੜਨ।

## ਵੈਨਕੂਵਰ ਵਿਚਾਰ ਮੰਚ ਵੱਲੋਂ ਇੰਗਲੈਂਡ ਵਾਸੀ ਸ਼ਾਇਰ ਕਿਰਪਾਲ ਪੂਨੀ ਨਾਲ ਸਾਹਿਤਕ ਮਿਲਣੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 25 ਅਗਸਤ : ਵੈਨਕੂਵਰ ਵਿਚਾਰ ਮੰਚ ਵੱਲੋਂ ਇੰਗਲੈਂਡ ਤੋਂ ਆਏ ਨਾਮਵਰ ਸ਼ਾਇਰ ਕਿਰਪਾਲ ਪੂਨੀ ਨਾਲ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਸਾਹਿਤਕ ਮਿਲਣੀ ਕੀਤੀ ਗਈ। ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀ ਜ਼ਿੰਦਗੀ, ਸਾਹਿਤਕ ਸਫ਼ਰ, ਕਾਵਿ-ਸਿਰਜਣਾ ਅਤੇ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਬਾਰੇ ਵਿਚਾਰ ਸਾਂਝੇ ਕੀਤੇ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਆਗੂ ਮੋਹਨ ਗਿੱਲ ਨੇ ਕਿਰਪਾਲ ਪੂਨੀ ਦੀ ਜਾਣ-ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਕਿਰਪਾਲ ਪੂਨੀ ਪੇਸ਼ੇ ਵਜੋਂ ਇੰਜਨੀਅਰ ਹਨ, ਪਰ ਉਨ੍ਹਾਂ ਦੀ ਸ਼ਖ਼ਸੀਅਤ ਦਾ ਮਹੱਤਵਪੂਰਨ ਪੱਖ ਇੱਕ ਸੰਵੇਦਨਸ਼ੀਲ ਅਤੇ ਚਿੰਤਨਸ਼ੀਲ ਸ਼ਾਇਰ ਦਾ ਹੈ। ਉਨ੍ਹਾਂ ਦੇ ਹੁਣ ਤੱਕ ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਦੀ ਸ਼ਾਇਰੀ ਵਿੱਚ ਪਰਵਾਸੀ ਜੀਵਨ ਦੇ ਤਜਰਬਿਆਂ ਦੇ ਨਾਲ-ਨਾਲ ਮਨੁੱਖੀ ਸੰਵੇਦਨਾ, ਸਮਾਜਿਕ ਸਰੋਕਾਰ ਅਤੇ ਆਪਣੇ ਸਮੇਂ ਨਾਲ ਸੰਵਾਦ ਕਰਨ ਦੀ ਕੋਸ਼ਿਸ਼ ਵੀ ਨਜ਼ਰ ਆਉਂਦੀ ਹੈ।

ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਕਿਰਪਾਲ ਪੂਨੀ ਦੀ ਕਵਿਤਾ ਦਾ ਵਿਸ਼ੇਸ਼ ਪੱਖ ਇਹ ਹੈ ਕਿ ਉਹ ਪਰਵਾਸ ਨੂੰ ਸਿਰਫ਼ ਭੂਗੋਲਿਕ ਤਬਦੀਲੀ ਵਜੋਂ ਨਹੀਂ ਦੇਖਦੇ, ਸਗੋਂ ਇਸ ਨਾਲ ਜੁੜੇ ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਅਨੁਭਵਾਂ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦੇ ਹਨ। ਇਸ ਕਰਕੇ ਉਨ੍ਹਾਂ ਦੀ ਸ਼ਾਇਰੀ ਵਿੱਚ ਆਪਣੀ ਮਿੱਟੀ ਦੀ ਯਾਦ, ਪਰਵਾਸੀ ਜੀਵਨ ਦੀਆਂ ਚੁਣੌਤੀਆਂ ਅਤੇ ਮਨੁੱਖ ਦੇ ਅੰਦਰਲੇ ਸੰਘਰਸ਼ ਦੀ ਗੂੰਜ ਸੁਣਾਈ ਦਿੰਦੀ ਹੈ।


ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀ ਜੀਵਨ-ਯਾਤਰਾ ਸਾਂਝੀ ਕਰਦਿਆਂ ਦੱਸਿਆ ਕਿ ਉਹ 17 ਸਾਲ ਦੀ ਉਮਰ ਵਿੱਚ ਇੰਗਲੈਂਡ ਪਹੁੰਚ ਗਏ ਸਨ। ਵਿਦੇਸ਼ ਵਿੱਚ ਸ਼ੁਰੂਆਤੀ ਸੰਘਰਸ਼ਾਂ ਤੋਂ ਬਾਅਦ ਉਨ੍ਹਾਂ ਨੇ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਅਤੇ ਆਪਣੇ ਪੇਸ਼ੇਵਰ ਜੀਵਨ ਨੂੰ ਸਥਾਪਿਤ ਕੀਤਾ। ਉਨ੍ਹਾਂ ਕਿਹਾ ਕਿ ਕਵਿਤਾ ਨਾਲ ਉਨ੍ਹਾਂ ਦਾ ਰਿਸ਼ਤਾ ਇਸ ਤੋਂ ਵੀ ਪਹਿਲਾਂ ਦਾ ਹੈ ਅਤੇ ਉਨ੍ਹਾਂ ਨੂੰ 16-17 ਸਾਲ ਦੀ ਉਮਰ ਤੋਂ ਹੀ ਕਵਿਤਾ ਲਿਖਣ ਦਾ ਸ਼ੌਂਕ ਸੀ। ਉਹਨਾਂ ਆਪਣੀ ਕਾਵਿ-ਚੇਤਨਾ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਦੇ ਦਾਦਾ ਜੀ ਖੁਦ ਸ਼ਾਇਰ ਸਨ। ਉਨ੍ਹਾਂ ਨੇ ਬਚਪਨ ਦੇ ਲਗਭਗ ਪੰਜ ਸਾਲ ਨਾਨਕੇ ਰਹਿ ਕੇ ਬਿਤਾਏ, ਜਿੱਥੇ ਉਨ੍ਹਾਂ ਦੇ ਨਾਨਾ ਜੀ ਅਤੇ ਪੜਨਾਨਾ ਜੀ ਦੇਸ਼-ਭਗਤੀ ਲਹਿਰ ਨਾਲ ਸਰਗਰਮੀ ਨਾਲ ਜੁੜੇ ਹੋਏ ਸਨ। ਉਨ੍ਹਾਂ ਕਿਹਾ ਕਿ ਪਰਿਵਾਰ ਵਿੱਚੋਂ ਮਿਲੀ ਇਸ ਸਾਹਿਤਕ ਅਤੇ ਦੇਸ਼-ਭਗਤੀ ਦੀ ਵਿਰਾਸਤ ਦਾ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਰਚਨਾਤਮਕ ਸੋਚ ਉੱਤੇ ਡੂੰਘਾ ਪ੍ਰਭਾਵ ਪਿਆ।

ਆਪਣੇ ਕਾਵਿ-ਸੰਗ੍ਰਹਿ 'ਗੁਲਾਮੀਨਾਮਾ' ਬਾਰੇ ਗੱਲ ਕਰਦਿਆਂ ਕਿਰਪਾਲ ਪੂਨੀ ਨੇ ਕਿਹਾ ਕਿ ਗੁਲਾਮੀ ਦੇ ਕਈ ਰੂਪ ਹੁੰਦੇ ਹਨ, ਪਰ ਮਾਨਸਿਕ ਗੁਲਾਮੀ ਸਭ ਤੋਂ ਵੱਡੀ ਗੁਲਾਮੀ ਹੈ। ਉਨ੍ਹਾਂ ਅਨੁਸਾਰ ਮਨੁੱਖ ਲਈ ਬਾਹਰੀ ਬੰਧਨਾਂ ਤੋਂ ਮੁਕਤੀ ਦੇ ਨਾਲ-ਨਾਲ ਆਪਣੀ ਸੋਚ ਨੂੰ ਗੁਲਾਮੀ ਦੀਆਂ ਜਕੜਾਂ ਤੋਂ ਮੁਕਤ ਕਰਨਾ ਵੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਆਪਣੇ ਪਰਵਾਸ ਨਾਲ ਸਬੰਧਤ ਕਾਵਿ-ਸੰਗ੍ਰਹਿ ਅਤੇ 'ਕ੍ਰਿਸ਼ਮਈ ਤਰੰਗਾਂ' ਬਾਰੇ ਵੀ ਜਾਣਕਾਰੀ ਦਿੱਤੀ।

ਇਸ ਸਾਹਿਤਕ ਮਿਲਣੀ ਵਿੱਚ ਹਾਜਰ ਸ਼ਾਇਰ ਮਹਿੰਦਰਪਾਲ ਸਿੰਘ ਪਾਲ, ਸ਼ਾਇਰ ਹਰਦਮ ਮਾਨ ਅਤੇ ਅੰਗਰੇਜ਼ ਬਰਾੜ ਨੇ ਵੀ ਕਿਰਪਾਲ ਪੂਨੀ ਨਾਲ ਸਾਹਿਤ, ਕਵਿਤਾ ਅਤੇ ਪਰਵਾਸੀ ਪੰਜਾਬੀ ਜੀਵਨ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀਆਂ ਕੁਝ ਪੁਸਤਕਾਂ ਮੰਚ ਦੇ ਮੈਂਬਰਾਂ ਨੂੰ ਭੇਟ ਕੀਤੀਆਂ। ਜਰਨੈਲ ਸਿੰਘ ਸੇਖਾ, ਮੋਹਨ ਗਿੱਲ ਅਤੇ ਮਹਿੰਦਰਪਾਲ ਸਿੰਘ ਪਾਲ ਨੇ ਆਪਣੀਆਂ ਪੁਸਤਕਾਂ ਕਿਰਪਾਲ ਪੂਨੀ ਨੂੰ ਦਿੱਤੀਆਂ।

# ਬੁਲੰਦ ਪੰਜਾਬੀ ਸ਼ਾਇਰ ਬਾਬਾ ਨਜਮੀ ਦੀ ਸਨੇਹੀ ਗਲਵੱਕੜੀ ਨੂੰ ਚੇਤੇ ਕਰਦਿਆਂ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਬਾਬਾ ਨਜਮੀ ਏਸ਼ੀਆ ਦੇ ਸਿਰਕੱਢ ਪੰਜਾਬੀ ਸ਼ਾਇਰਾਂ ਵਿੱਚ ਸ਼ਾਮਲ ਹੈ। ਜਗਦੇਵ ਕਲਾ(ਅੰਮ੍ਰਿਤਸਰ) ਤੋਂ 1947 ਕੇ ਉੱਜੜ ਕੇ ਲਾਹੌਰ(ਪਾਕਿਸਤਾਨ) ਗਏ ਪਰਿਵਾਰ ਵਿੱਚ 1948 ਨੂੰ ਜਨਮਿਆ। ਮੈਂ ਪਿਛਲੇ ਕੁਝ ਸਾਲਾਂ ਵਿੱਚ ਜਦ ਵੀ ਲਾਹੌਰ ਗਿਆ ਹਾਂ, ਬਾਬਾ ਨਜਮੀ ਤੇ ਅਫ਼ਜ਼ਲ ਸਾਹਿਰ ਮੇਰੇ ਅੰਗ ਸੰਗ ਰਹਿੰਦੇ ਨੇ। ਬਾਬਾ ਨਜਮੀ ਦੀ ਲੋਕ ਸ਼ਾਇਰੀ ਦਾ ਮੈਂ ਕਾਇਲ ਹਾਂ। ਉਸ ਦੀ ਸ਼ਾਇਰੀ ਪਹਿਲਾਂ ਮਿਲੀ ਤੇ ਉਹ ਮਗਰੋਂ। ਪਹਿਲਾਂ ਹਰਭਜਨ ਸਿੰਘ ਹੁੰਦਲ ਜੀ ਨੇ ਉਸ ਨੂੰ ਗੁਰਮੁਖੀ ਅੱਖਰਾਂ ਵਿੱਚ ਢਾਲ ਕੇ ਪੁਸਤਕ ਰੂਪ ਵਿੱਚ ਪੰਜਾਬੀ ਸੱਥ ਲਾਂਬੜਾ ਰਾਹੀਂ ਸਾਡੇ ਲਈ ਪੇਸ਼ ਕੀਤਾ।

ਫਿਰ ਚੇਤਨਾ ਪ੍ਰਕਾਸ਼ਨ , ਪੰਜਾਬੀ ਭਵਨ ਲੁਧਿਆਣਾ ਨੇ ਜਸਪਾਲ ਘਈ ਤੋਂ ਲਿਪੀਅੰਤਰ ਕਰਵਾ ਕੇ ਬਾਬਾ ਨਜਮੀ ਦਾ ਸਮੁਲਚਾ ਕਲਾਮ ਇੱਕ ਜਿਲਦ ਵਿੱਚ ਛਾਪਿਆ। ਇਸ ਬਾਰੇ ਮੈਂ ਵੀ ਉਸ ਵਿੱਚ ਇੱਕ ਵੱਡਾ ਲੇਖ ਲਿਖਿਆ।

ਅੱਜ ਬਾਬਾ ਨਜਮੀ ਦੀ ਵਿਸ਼ਵ ਪੰਜਾਬੀ ਕਾਨਫਰੰਸ 2024 ਲਈ ਪਿਛਲੀ ਲਾਹੌਰ ਫੇਰੀ ਦੌਰਾਨ ਮਿਲਣ ਸਾਰ ਪਾਈ ਗਲਵੱਕੜੀ ਵਾਲੀ ਤਸਵੀਰ ਸਾਹਮਣੇ ਆਈ ਤਾਂ ਮਨ ਵੈਰਾਗ ਚ ਚਲਾ ਗਿਆ। ਪਾਕਿ ਹੈਰੀਟੇਜ ਹੋਟਲ ਵਿੱਚ ਉਹ ਸਾਥੋਂ ਪਹਿਲਾਂ ਅੱਪੜਿਆ ਹੋਇਆ ਸੀ।
ਸੋਚਦਾ ਹਾਂ, ਉਹ ਦਿਨ ਕਦੋਂ ਪਰਤਣਗੇ?

ਬਾਬਾ ਨਜ਼ਮੀ ਦੀ ਸ਼ਾਇਰੀ 'ਚ ਕਾਇਨਾਤ ਦੇ ਸੱਤੇ ਰੰਗ ਵਿਦਮਾਨ ਨੇ। ਬੜੇ ਗੂੜ੍ਹੇ ਅੰਦਾਜ਼ ਵਿੱਚ ਵੱਖ-ਵੱਖ ਵੀ ਤੇ ਆਪਸ 'ਚ ਘੁਲੇ-ਮਿਲੇ ਵੀ। ਕਿਸੇ ਸ਼ਾਇਰ ਦੀ ਸਰਬ ਪੱਖਤਾ ਹੀ ਉਸਨੂੰ ਤ੍ਰੈਕਾਲ ਦਰਸ਼ੀ ਦ੍ਰਿਸ਼ਟੀਵੇਤਾ ਬਣਾਉਂਦੀ ਹੈ। ਬਾਬਾ ਨਜਮੀ ਆਪਣੇ ਪੂਰਬਲੇ ਕਵੀਆਂ ਲਈ ਸਤਿਕਾਰ ਰੱਖਦਾ ਹੈ ਤੇ ਮਗਰਲਿਆਂ ਲਈ ਆਸਵੰਦ ਹੈ। ਉਸ ਨੂੰ ਮਾਣ ਹੈ ਕਿ ਉਸ ਦੀ ਜ਼ਬਾਨ ਦੇ ਕਵੀ ਧਰਮ ਦੇ ਤੰਦੂਆ ਜਾਲ ਤੋਂ ਮੁਕਤ ਹੋ ਕੇ ਆਪਣੀ ਆਜ਼ਾਦ ਗੱਲ ਕਹਿਣੀ ਜਾਣਦੇ ਨੇ।

ਆਪਣੀ ਬੇਬਾਕੀ ਅਤੇ ਸਪੱਸ਼ਟਤਾ ਦੇ ਨਾਲ-ਨਾਲ ਬਾਬਾ ਨਜਮੀ ਵਿਸ਼ਵ ਰਾਜਨੀਤੀ ਦਾ ਵੀ ਪੂਰਨ ਗਿਆਤਾ ਹੈ। ਉਸ ਦੇ ਵਤਨ ਪਾਕਿਸਤਾਨ ਦੇ ਲੋਕਾਂ ਲਈ ਕਿਸ ਦੇਸ਼ ਨਾਲ ਦੋਸਤੀ ਚੰਗੀ ਹੈ ਜਾਂ ਨਹੀਂ, ਉਹ ਬੜਾ ਹੀ ਪਾਰਦਰਸ਼ੀ ਹੈ।

ਨਾ ਜਾ ਅਮਰੀਕਾ ਨਾਲ ਕੁੜੇ।
ਸਾਨੂੰ ਤੇਰਾ ਬੜਾ ਖ਼ਿਆਲ ਕੁੜੇ।

ਇਸ ਖ਼ਿਆਲ ਵਿੱਚ ਖ਼ਦਸ਼ਾ ਸ਼ਾਮਿਲ ਹੈ, ਕਿਉਂਕਿ ਉਸ ਨੂੰ ਭਾਸਦਾ ਹੈ ਕਿ ਅਮਰੀਕਾ ਆਪਣੀ ਗਰਜ਼ ਲਈ ਕਿਸੇ ਨਾਲ ਕੋਈ ਵੀ ਭਾਣਾ ਵਰਤਾ ਸਕਦਾ ਹੈ। ਓਹੀ ਗੱਲ ਹੋਈ, ਜਿਸ ਦਾ ਡਰ ਸੀ। ਅਮਰੀਕੀ ਸਾਮਰਾਜ ਦੇ ਜ਼ਾਲਮ ਖੂਨੀ ਪੰਜੇ ਦੀ ਨੀਅਤ ਤੇ ਨੀਤੀ ਬਾਰੇ ਉਹ ਖੁੱਲ੍ਹ ਕੇ ਬੋਲਦਿਆਂ ਬਹੁਤ ਚਿਰ ਪਹਿਲਾਂ "ਸੋਚਾਂ ਵਿੱਚ ਜਹਾਨ" 'ਚ ਬੋਲਿਆ,

ਦੇਵੇ ਬੁਸ਼ ਬਹਾਦਰ ਜਿਹੜਾ
ਸਾਨੂੰ ਹੁਕਮ ਸੁਣਾਵੇ ਬੁੱਢਾ।

ਭਰ ਕੇ ਛੱਜ ਪਤਾਸੇ ਵੰਡਾਂ,
ਸਾਡੇ ਸਿਰ ਤੋਂ ਲਾਹਵੇ ਬੁੱਢਾ।

ਉਸ ਦੀ ਇੱਕ ਨਜ਼ਮ ਗੁੱਗਾ ਪੀਰ ਬੜੀ ਹੀ ਕਮਾਲ ਦੀ ਹੈ। ਇਸ ਵਿੱਚ ਸੱਪਾਂ ਦੀਆਂ ਨਸਲਾਂ ਦੇ ਹਵਾਲੇ ਨਾਲ ਉਹ ਸਾਨੂੰ ਸਿਆਸੀ ਦ੍ਰਿਸ਼ ਦੇ ਰੂਬਰੂ ਖੜ੍ਹਾ ਕਰ ਦਿੰਦਾ ਹੈ।

ਸਾਂਝੇ ਪੰਜਾਬ ਦੀ ਸਾਂਝੀ ਰਹਿਤਲ, ਸਾਂਝੇ ਸੂਰਮੇ ਤੇ ਸਾਂਝੀ ਲੋਕ-ਸ਼ਕਤੀ ਉਸ ਦੀ ਸ਼ਾਇਰੀ ਦੀ ਸਮਰਥ ਸ਼ਕਤੀ ਹੈ। ਉਹ 1947 ਤੋਂ ਪਹਿਲਾਂ ਵਾਲੇ ਜੰਗੇ ਆਜ਼ਾਦੀ ਦੇ ਸੰਘਰਸ਼ ਵਿੱਚ ਕੁਰਬਾਨ ਹੋਏ ਸੂਰਮਿਆਂ ਦਾ ਵਾਰਿਸ ਹੈ ਅਤੇ ਇਹ ਵਿਰਾਸਤ ਅੱਗੇ ਆਪਣੇ ਪੁੱਤਰ ਨੂੰ ਸੌਂਪਣੀ ਚਾਹੁੰਦਾ ਹੈ। ਉਸਨੂੰ ਸੁਰਖ਼ ਸੋਚ ਨਾਲ ਉਣਸ ਹੈ, ਇਸੇ ਕਰਕੇ ਸ਼ਹੀਦ ਭਗਤ ਸਿੰਘ ਉਸਨੂੰ ਆਪਣਾ ਵੀਰ ਲੱਗਦਾ ਹੈ। ਇਸ ਵੀਰ ਦੇ ਪੈਰ ਚਿੰਨ੍ਹਾਂ ਤੇ ਪੁੱਤਰ ਨੂੰ ਤੋਰਨ ਲਈ, ਇੰਜ ਬੋਲਦਾ ਹੈ-

ਨੱਚਾਂ ਗਾਵਾਂ
ਭੰਗੜੇ ਪਾਵਾਂ
ਦੇਗਾਂ ਚਾੜ੍ਹਾਂ ਰਾਤ ਦਿਨੇ
ਮੇਰਾ ਪੁੱਤਰ ਮੇਰਾ ਵੀਰ
ਆਪਣੇ ਤਾਏ ਭਗਤ ਸਿੰਘ ਦੇ
ਪੈਰਾਂ ਉੱਤੇ ਪੈਰ ਧਰੇ।
ਮੇਰੀ ਪੂਰੀ ਆਸ ਕਰੇ।

ਬਾਬਾ ਨਜਮੀ ਦੇ ਪਹਿਲੇ ਸੰਗ੍ਰਹਿ ਅੱਖਰਾਂ ਵਿੱਚ ਸਮੁੰਦਰ 'ਚ ਉਸਨੇ 1992 'ਚ ਹੀ ਲਿਖ ਦਿੱਤਾ ਸੀ।

ਇਸ਼ਕ ਦੀ ਬਾਜ਼ੀ ਜਿੱਤਣ ਨਾਲੋਂ ਹਰ ਜਾਈਏ ਤੇ ਚੰਗਾ ਏ।
ਭੱਜਣ ਨਾਲੋਂ ਵਿਚ ਮੈਦਾਨੇ ਮਰ ਜਾਈਏ ਤਾਂ ਚੰਗਾ ਏ।

ਚੜ੍ਹੀ ਹਨ੍ਹੇਰੀ ਰੱਬ ਈ ਜਾਣੇ ਕਿਹੜਾ ਰੰਗ ਵਿਖਾਏਗੀ,
ਇਹਦੇ ਆਉਣ ਤੋਂ ਪਹਿਲਾਂ ਘਰ ਜਾਈਏ ਤੇ ਚੰਗਾ ਏ।

ਖ਼ੌਰੇ ਕੱਲ੍ਹ ਮਿਲੇ ਨਾ ਮੌਕਾ ਫੇਰ ਇਕੱਠਿਆਂ ਹੋਵਣ ਦਾ,
ਕੱਲ੍ਹ ਦੀਆਂ ਵੀ ਕੁਝ ਅੱਜ ਗੱਲਾਂ ਕਰ ਜਾਈਏ ਤੇ ਚੰਗਾ ਏ।

ਬਾਬਾ ਨਜਮੀ ਨੇ ਪੰਜਾਬੀ ਜ਼ਬਾਨ ਦੇ ਹਵਾਲੇ ਨਾਲ ਬੜੀ ਹੀ ਸਮਰਥ ਗ਼ਜ਼ਲ ਕਹੀ ਹੈ। ਇਸ ਨੂੰ ਪੰਜਾਬੀ ਜ਼ਬਾਨ 'ਚ ਮੈਨੀਫੈਸਟੋ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ। ਉਹ ਆਪਣੀ ਜ਼ਬਾਨ ਤੇ ਸਮਰੱਥਾ, ਜ਼ਰੂਰਤ ਤੇ ਸ਼ਕਤੀ ਦੇ ਅਜਿਹੇ ਬੋਲ ਉਚਰਦਾ ਹੈ, ਜਿੰਨ੍ਹਾਂ ਨੂੰ ਪੜ੍ਹਦਿਆਂ ਬੜੀ ਜ਼ੁੰਬਸ਼ ਮਿਲਦੀ ਹੈ। ਜ਼ਬਾਨ ਨਾਲ ਮੁਹੱਬਤ ਦਾ ਰਿਸ਼ਤਾ ਪ੍ਰਪੱਕ ਹੁੰਦਾ ਹੈ।

ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ ਦੀਵਾ ਬਾਲ ਪੰਜਾਬੀ ਦਾ।

ਧੂੜਾਂ ਨਾਲ ਕਦੇ ਨ ਮਰਨਾ ਸ਼ੀਸ਼ੇ ਦੇ ਲਿਸ਼ਕਾਰੇ ਨੇ,
ਜਿੰਨੀ ਮਰਜ਼ੀ ਤਿੱਖੀ ਬੋਲੇ, ਉਰਦੂ ਬਾਲ ਪੰਜਾਬੀ ਦਾ।

ਲੋਕੀਂ ਮੰਗ ਮੰਗਾ ਕੇ ਅਪਣਾ ਬੋਹਲ ਬਣਾ ਕੇ ਬਹਿ ਗਏ ਨੇ,
ਅਸਾਂ ਤੇ ਮਿੱਟੀ ਕਰ ਦਿੱਤਾ ਏ ਸੋਨਾ ਗਾਲ ਪੰਜਾਬੀ ਦਾ।

ਜਿਹੜੇ ਆਖਣ ਵਿਚ ਪੰਜਾਬੀ ਵੁਸਅਤ ਨਈਂ, ਤਹਿਜ਼ੀਬ ਨਈਂ,
ਪੜ੍ਹ ਕੇ ਵੇਖਣ ਵਾਰਿਸ, ਬੁੱਲ੍ਹਾ, ਬਾਹੂ, ਲਾਲ, ਪੰਜਾਬੀ ਦਾ।

ਤਨ ਦਾ ਮਾਸ ਖਵਾ ਦਿੰਦਾ ਏ ਜਿਹੜਾ ਇਹਨੂੰ ਪਿਆਰ ਕਰੇ,
ਕੋਈ ਵੀ ਜਬਰਨ ਕਰ ਨਈਂ ਸਕਦਾ ਵਿੰਗਾ ਵਾਲ ਪੰਜਾਬੀ ਦਾ।

ਮਾਂ ਬੋਲੀ ਦੀ ਘਰ ਵਿਚ ਇੱਜ਼ਤ ਕੰਮੀ ਜਿੰਨੀ ਵੇਖ ਰਿਹਾਂ,
ਦੇਸ ਪਰਾਏ ਕੀ ਹੋਵੇਗਾ ਖੌਰੇ ਹਾਲ ਪੰਜਾਬੀ ਦਾ।

ਗ਼ਰਜ਼ਾਂ ਵਾਲੀ ਜੋਕ ਨੇ ਸਾਡੇ ਮਗਰੋਂ ਜਦ ਤਕ ਲਹਿਣਾ ਨਈਂ,
ਓਨਾ ਚਿਰ ਤੇ ਹੋ ਨਹੀਂ ਸਕਦਾ ਹੱਕ ਬਹਾਲ ਪੰਜਾਬੀ ਦਾ।

ਹੱਥ ਹਜ਼ਾਰਾਂ ਵਧ ਕੇ 'ਬਾਬਾ' ਘੁੱਟ ਦਿੰਦੇ ਨੇ ਮੇਰਾ ਮੂੰਹ,
ਪਰ੍ਹਿਆ ਦੇ ਵਿਚ ਜਦ ਵੀ ਚੁੱਕਨਾਂ ਕੋਈ ਸਵਾਲ ਪੰਜਾਬੀ ਦਾ।

ਲੱਗਦੇ ਹੱਥ, ਇੱਥੇ ਆਪਣੇ ਮਨ ਚਿੱਤ ਦੀ ਗੱਲ 'ਚੋਂ ਵੀ ਦੱਸ ਦਿਆਂ। ਹਾਲ ਹੀ ਵਿੱਚ ਲਾਹੌਰ ਚ ਸਮਾਪਤ ਹੋਈ ਵਿਸ਼ਵ ਪੰਜਾਬੀ ਅਮਨ ਕਾਨਫ਼ਰੰਸ ਦੇ ਮਤੇ ਲਿਖਣ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਤਾਂ ਪੰਜਾਬੀ ਜ਼ਬਾਨ ਦੇ ਹਵਾਲੇ ਨਾਲ ਬਾਬਾ ਨਜਮੀ ਦੀ ਇਹ ਗ਼ਜ਼ਲ ਮੇਰਾ ਰਾਹ ਦਸੇਰਾ ਬਣੀ। ਅਸਾਂ ਮੰਗ ਕੀਤੀ ਕਿ ਪੰਜਾਬ ਅਸੰਬਲੀ 'ਚ ਉਵੇਂ ਹੀ ਪੰਜਾਬੀ ਬੋਲਣ ਦੀ ਪ੍ਰਵਾਨਗੀ ਹੋਵੇ ਜਿਵੇਂ ਸਿੰਧ ਵਿੱਚ ਸਿੰਧੀ, ਪਖ਼ਤੂਨਵਾ 'ਚ ਪਸ਼ਤੋ ਤੇ ਬਲੋਚਿਸਤਾਨ 'ਚ ਬਲੋਚੀ ਬੋਲੀ ਜਾਂਦੀ ਹੈ। ਅੱਠ ਕਰੋੜ ਤੋਂ ਵੱਧ ਵਸੋਂ ਵਾਲੇ ਪੰਜਾਬ ਦੀ ਜ਼ਬਾਨ ਜੇ ਪੰਜਾਬੀ ਹੈ ਤਾਂ ਅਸੰਬਲੀ 'ਚ ਉਰਦੂ ਦੀ ਸਰਦਾਰੀ ਕਿਉਂ ਹੋਵੇ। ਇਵੇਂ ਹੀ ਮੰਗ ਕੀਤੀ ਕਿ ਪ੍ਰਾਇਮਰੀ ਪੱਧਰ ਤੋਂ ਪੰਜਾਬੀ ਜ਼ਬਾਨ ਪੜ੍ਹਾਉਣ ਦਾ ਯੋਗ ਪ੍ਰਬੰਧ ਸੂਬਾਈ ਹਕੂਮਤ ਹਾਈ ਸਕੂਲ ਪੱਧਰ ਤੀਕ ਕਰੇ। ਬਾਬਾ ਨਜਮੀ ਜ਼ਿੰਦਾਬਾਦ ਹੋ ਗਿਆ, ਮੇਰੀ ਧਿਰ ਬਣ ਕੇ।

ਵਿਸ਼ਵ ਅਮਨ ਦੀ ਸਲਾਮਤੀ ਲਈ ਉਸਦੀ ਕਲਮ ਹਮੇਸ਼ਾ ਹੀ ਫ਼ਿਕਰਮੰਦ ਤੇ ਸਿਰਜਣ ਸ਼ੀਲ ਰਹੀ ਹੈ। ਉਸ ਨੂੰ ਹਿੰਦ-ਪਾਕ ਤਣਾਉ ਉਦਾਸ ਹੀ ਨਹੀਂ, ਤੰਗ ਕਰਦਾ ਹੈ। ਉਹ ਜਾਣਦਾ ਹੈ ਕਿ-

ਗੰਦੇ ਅੰਡੇ ਏਧਰ ਵੀ ਨੇ, ਓਧਰ ਵੀ।
ਕੁਝ ਮੁਸ਼ਟੰਡੇ ਏਧਰ ਵੀ ਨੇ, ਓਧਰ ਵੀ।

ਕਿਹਨਾਂ ਦੇ ਹੁਣ ਗਾਉਣੇ 'ਦੱਸੋ ਮੁੱਲਾਂ ਜੀ',
ਹਲਵੇ ਮੰਡੇ ਏਧਰ ਵੀ ਨੇ, ਓਧਰ ਵੀ।

ਜਿਹਨਾਂ ਸਿੰਗ ਵਿਖਾ ਕੇ ਖਾਧਾ ਅਜ਼ਲਾਂ ਤੇ,
ਲੋਕੋ ਸੰਢੇ ਏਧਰ ਵੀ ਨੇ, ਓਧਰ ਵੀ।

ਬਾਬਾ ਨਜਮੀ ਦੀ ਇੱਕ ਕਵਿਤਾ 'ਗੋਲ਼ੀ' ਪੜ੍ਹਦਿਆਂ ਮੈਨੂੰ ਬਹੁਤ ਕੁਝ ਚੇਤੇ ਆਇਆ। ਵਿਸ਼ੇਸ਼ ਕਰਕੇ ਆਪਣੀ ਨਜ਼ਮ ਕਾਵਿ ਸੰਗ੍ਰਹਿ ਅਗਨ ਕਥਾ ਵਾਲੀ 'ਨਿਜ਼ਾਮ' ਚੇਤੇ ਆਈ-

ਇਸ ਦਾ ਕੱਲ੍ਹਾ ਮੂੰਹ ਨਾ ਵੇਖੋ।
ਮੂੰਹ ਅੰਦਰਲੇ ਦੰਦ ਵੀ ਵੇਖੋ।

ਮੀਸਣੀਆਂ ਮੁਸਕਾਨਾਂ ਓਹਲੇ,
ਜੋ ਜੋ ਚਾੜ੍ਹੇ ਚੰਦ ਵੀ ਵੇਖੋ ।

ਇਹਦਾ ਕੀਤਾ ਜਬਰ ਵੀ ਵੇਖੋ।
ਧਰਤੀ ਮਾਂ ਦਾ ਸਬਰ ਵੀ ਵੇਖੋ !

ਫ਼ਸਲਾਂ ਦੀ ਥਾਂ ਬੰਦੇ ਬੀਜੇ,
ਲੰਮ ਸਲੰਮੀ ਕਬਰ ਵੀ ਵੇਖੋ।

ਮੈਨੂੰ 'ਗੋਲ਼ੀ' ਕਵਿਤਾ ਬੜੀ ਹੀ ਮੁੱਲਵਾਨ ਰਚਨਾ ਲੱਗਦੀ ਹੈ।

ਗੋਲ਼ੀ ਅੰਨ੍ਹੀ, ਗੁੰਗੀ ਬੋਲੀ,
ਸੰਗੀਓ ਇਹਦਾ ਸੰਗ ਨਈਂ ਚੰਗਾ।
ਇਹਦਾ ਕੋਈ ਵੀ ਰੰਗ ਨਈਂ ਚੰਗਾ।
ਇਹਦਾ ਕੋਈ ਵੀ ਫਾਇਦਾ ਨਹੀਂ ਜੇ।

ਇਹਦਾ ਕੋਈ ਵੀ ਕਾਇਦਾ ਨਈਂ ਜੇ।

ਗੋਲ਼ੀ ਇਹਨਾਂ ਵੱਲੋਂ ਚੱਲੇ ।
ਗੋਲ਼ੀ ਉਹਨਾਂ ਵੱਲੋਂ ਚੱਲੇ ।

ਗੋਲ਼ੀ ਨਾਲ ਪੁਆੜਾ ਪੈਂਦਾ।
ਗੋਲ਼ੀ ਨਾਲ ਉਜਾੜਾ ਪੈਂਦਾ।

ਏਧਰ ਵੀ ਇਹ ਬੰਦਾ ਮਾਰੇ ।
ਓਧਰ ਵੀ ਇਹ ਬੰਦਾ ਮਾਰੇ ।

ਆਪਣੇ ਬੰਦੇ ਮਾਰਨ ਨਾਲ਼ੋਂ ।
ਕਬਰਾਂ ਵਿੱਚ ਉਤਾਰਨ ਨਾਲ਼ੋਂ।
ਮੇਰੀ ਮੰਨੋ, ਮੇਰੇ ਚੰਨੋ ।

ਇੱਕ ਦੂਜੇ ਦੇ ਸੀਨੇ ਲੱਗੋ ।
ਫੁੱਲਾਂ ਦੇ ਗੁਲਦਸਤੇ ਲੱਭੋ ।
ਬੰਦੇ ਖਾਣੀ ਗੋਲ਼ੀ ਦੱਬੋ ।

ਵਾਘਾ ਸਰਹੱਦ 'ਤੇ ਰੀਟਰੀਟ ਰਸਮ ਵੇਲੇ ਦੀ ਪਰੇਡ ਵਿਚਲੀ ਭਿਆਨਕਤਾ ਦੇ ਖਿਲਾਫ਼ ਮਤਾ ਲਿਖਣ ਵੇਲੇ ਵੀ ਇਹ ਕਵਿਤਾ ਮੇਰੇ ਸਨਮੁੱਖ ਸੀ। ਮਹਿਕੰਦੜੇ ਰਿਸ਼ਤੇ ਉਹ ਜਾਣਦੈ ਕਿ ਵਿਕਾਸ ਦੀ ਜਾਮਨੀ ਭਰਦੇ ਨੇ। ਬਾਬਾ ਨਜਮੀ ਮਨੁੱਖਤਾ ਦਾ ਸ਼ਾਇਰ ਹੈ, ਇਸੇ ਕਰਕੇ ਉਸ ਦੀ ਲੋਕ ਪੱਖੀ, ਅਮਨ ਮੰਗਦੀ ਸ਼ਾਇਰੀ ਨੂੰ ਸਲਾਮ ਕਹਿਣ ਨੂੰ ਦਿਲ ਕਰਦਾ ਹੈ।

ਬਾਬਾ ਨਜਮੀ ਸਾਡੇ ਵੇਲਿਆਂ ਦਾ ਉਹ ਸ਼ਾਇਰ ਹੈ, ਜਿਸ ਕੋਲ ਅਮਨ ਦੀ ਤਾਂਘ ਦੇ ਨਾਲ-ਨਾਲ ਸਮਰੱਥ ਸ਼ਬਦ ਬਾਣ ਵੀ ਹਨ ਜੋ ਵਕਤ ਦੇ ਰਾਵਣਾਂ ਦੀ ਨਾਭੀ ਵਿੱਚ ਸਿੱਧੇ ਵੱਜਦੇ ਹਨ। ਐਟਮ ਦੇ ਖ਼ਿਲਾਫ਼ ਉਸ ਦੀਆਂ ਸਤਰਾਂ ਨਾਲ਼ ਹੀ ਗੱਲ ਮੁਕਾਵਾਂਗਾ।

ਡੰਗਰ ਬਣ ਗਏ ਆਦਮ ਜਾਏ
ਬੰਦਿਆਂ ਨੇ ਬਘਿਆੜ ਭੁਲਾਏ।

ਬਾਬਾ ਨਜਮੀ ਦੀ ਸਮਰਥ ਸ਼ਾਇਰੀ ਨੂੰ ਮੇਰਾ ਸਲਾਮ । ਪੰਜਾਬੀ ਕਵਿਤਾ ਦੇ ਇਸ ਬੁਲੰਦ ਅੰਦਾਜ਼ ਨੂੰ ਮਾਂ ਬੋਲੀ ਚਿਰਾਂ ਤੋਂ ਉਡੀਕ ਰਹੀ ਸੀ।